Welcome to Kindergarten™
CANADIAN EDUCATION WAREHOUSE

PLAY CREATE TALK READ

## ਹਰ ਦਿਨ ਗੱਲਬਾਤ ਕਰੋ ਪੜ੍ਹੋ ਗਾਓ ਖੇਡੋ!

# ਵੈਲਕਮ ਟੂ ਕਿੰਡਰਗਾਰਟਨ ਬੈਗ ਵਿਚਲੇ ਸਰੋਤਾਂ ਦੀ ਇਕੱਠਿਆਂ ਵਰਤੋਂ ਕਰਨਾ...




## ਗੱਲਬਾਤ ਕਰਨਾ ਅਤੇ ਪੜ੍ਹਨਾ

### ਪੜ੍ਹਨ ਸਬੰਧੀ 3C ਇਹ ਹਨ:

**C**uddle (ਲਾਡ-ਪਿਆਰ) **C**onversation (ਗੱਲਬਾਤ) **C**hoice (ਚੋਣ)।



ਤੁਹਾਡੇ ਬੱਚੇ ਨੂੰ ਰੋਜ਼ਾਨਾ ਪੜ੍ਹਕੇ ਸੁਣਾਉਣਾ ਸ਼ਬਦਾਵਲੀ, ਸੁਣਨ ਅਤੇ ਬੋਲਣ ਦੇ ਹੁਨਰ ਅਤੇ ਕਿਤਾਬਾਂ ਅਤੇ ਕਹਾਣੀਆਂ ਵਿੱਚ ਦਿਲਚਸਪੀ ਵਿਕਸਿਤ ਕਰਨ ਵਿੱਚ ਮਦਦ ਕਰੇਗਾ।

- ਵਿਭਿੰਨ ਕਿਸਮਾਂ ਦੀਆਂ ਕਹਾਣੀਆਂ ਪੜ੍ਹੋ ਜੋ ਤੁਹਾਡੇ ਬੱਚੇ ਨੂੰ ਦਿਲਚਸਪ ਲੱਗਦੀਆਂ ਹਨ।
- ਤਸਵੀਰਾਂ 'ਤੇ ਦੇਖੋ ਅਤੇ ਇਹਨਾਂ ਬਾਰੇ ਗੱਲਬਾਤ ਕਰੋ। ਤੁਹਾਡੇ ਬੱਚੇ ਦੇ ਸੰਸਾਰ ਨਾਲ ਸਬੰਧ ਜੋੜੋ।
- ਤੁਹਾਡੀ ਸਥਾਨਕ ਲਾਇਬਰੇਰੀ ਵਿਖੇ ਜਾਓ ਅਤੇ ਲਾਇਬਰੇਰੀ ਪ੍ਰੋਗਰਾਮਾਂ ਵਿੱਚ ਭਾਗ ਲਓ।

## ਛਪਾਈ ਵੱਲ ਧਿਆਨ ਦੇਣਾ



ਅੱਖਰਾਂ ਅਤੇ ਅੰਕਾਂ ਦਾ ਸਬੰਧ ਕਿਤਾਬਾਂ, ਘਰ ਅਤੇ ਵਾਤਾਵਰਣ ਵਿਚਲੀਆਂ ਚੀਜ਼ਾਂ ਨਾਲ ਜੋੜੋ।

- ਚੁੰਬਕੀ ਅੱਖਰਾਂ ਅਤੇ ਅੰਕਾਂ ਦਾ ਮੇਲ਼ ਖਾਕੇ ਨਾਲ ਕਰਾਓ; ਏ.ਬੀ.ਸੀ. ਵਾਲਾ ਗੀਤ ਗਾਓ; ਫਰਿੱਜ ਉੱਤੇ, ਕੁੱਕੀ ਸ਼ੀਟ ਜਾਂ ਪਲੇਸਮੈਟ ਉੱਤੇ ਬੱਚੇ ਦਾ ਨਾਮ ਬਣਾਓ।
- ਘਰ ਵਿਚਲੀਆਂ ਚੀਜ਼ਾਂ ਗਿਣੋ (ਉਦਾਹਰਨ ਲਈ ਜ਼ੁਰਾਬਾਂ ਦੇ ਜੋੜੇ; ਪਰਿਵਾਰਕ ਖਾਣੇ ਵਾਸਤੇ ਚਾਹੀਦੇ ਕਾਂਟੇ, ਚਾਕੂ, ਚਮਚੇ)
- ਅੱਖਰਾਂ ਅਤੇ ਅੰਕਾਂ ਦਾ ਮੇਲ਼ ਕਿਸੇ ਕਿਤਾਬ, ਕਿਸੇ ਅਨਾਜ ਦੇ ਡੱਬੇ ਉੱਤੇ ਅੱਖਰਾਂ ਅਤੇ ਅੰਕਾਂ ਜਾਂ ਵੱਡੇ ਛਾਪੇ ਦੀ ਕਿਸੇ ਵੀ ਕਿਸਮ ਨਾਲ ਕਰੋ।
- ਰੰਗਾਂ, ਅੱਖਰਾਂ, ਸ਼ਕਲਾਂ ਅਤੇ ਅੰਕਾਂ ਦੀਆਂ ਵੰਨਗੀਆਂ ਅਤੇ ਲੜੀਆਂ ਦਾ ਨਿਰਮਾਣ ਕਰੋ। (ਉਦਾਹਰਨ ਲਈ ababa 123 123)
- ਖੋਜ ਕਰੋ ਕਿ ਚੁੰਬਕ ਕਿਹੜੀਆਂ ਸਮੱਗਰੀਆਂ ਵੱਲ ਆਕਰਿਸ਼ਤ ਹੋਣਗੇ।

EDUCO ENTREPÔT CANADA
CANADIAN EDUCATION WAREHOUSE

Welcome to Kindergarten™
CANADIAN EDUCATION WAREHOUSE

# ਹਰ ਦਿਨ ਗੱਲਬਾਤ ਕਰੋ ਪੜ੍ਹੋ ਗਾਓ ਖੇਡੋ!

## ਸਿਰਜਣਾਤਮਕ ਪੜਚੋਲ

ਤੁਹਾਡੇ ਬੱਚੇ ਦੀ ਦਿਲਚਸਪੀ ਅਤੇ ਕਲਪਨਾ ਅਨੁਸਾਰ ਤਸਵੀਰਾਂ ਵਾਹੁਣ, ਨਿਰਮਾਣ ਕਰਨ, ਕੱਟਣ ਅਤੇ ਚਿਪਕਾਉਣ ਲਈ ਰੰਗਦਾਰ ਚਾਕ, ਕਾਗਜ਼, ਗੂੰਦ ਅਤੇ ਕੈਂਚੀ ਦੀ ਵਰਤੋਂ ਕਰੋ। ਸਿਰਜਣਾਤਮਕ ਕਿਰਿਆਵਾਂ ਵਾਸਤੇ ਲੋੜੀਂਦਾ ਉਂਗਲੀਆਂ ਦਾ ਕੰਟਰੋਲ ਅਤੇ ਤਾਲਮੇਲ ਤੁਹਾਡੇ ਬੱਚੇ ਨੂੰ ਭਵਿੱਖ ਵਿੱਚ ਛਪਾਈ ਦੀਆਂ ਕਿਰਿਆਵਾਂ ਵਾਸਤੇ ਤਿਆਰ ਕਰੇਗਾ।



- ਤੁਹਾਡੇ ਬੱਚੇ ਨੂੰ ਰੰਗਦਾਰ ਚਾਕਾਂ, ਮਾਰਕਰਾਂ, ਫਿੰਗਰ ਪੇਂਟ ਜਾਂ ਹੋਰ ਮਜ਼ੇਦਾਰ ਸਮੱਗਰੀਆਂ, ਜਿਵੇਂ ਕਿ ਰੇਤ ਅਤੇ ਸ਼ੇਵਿੰਗ ਕਰੀਮ ਨਾਲ ਤਸਵੀਰਾਂ ਵਾਹੁਣ ਅਤੇ ਰੰਗ ਭਰਨ ਲਈ ਉਤਸ਼ਾਹਤ ਕਰੋ।
- ਪੁਰਾਣੇ ਰਸਾਲਿਆਂ ਅਤੇ ਅਖਬਾਰਾਂ ਵਿੱਚੋਂ ਉਹਨਾਂ ਤਸਵੀਰਾਂ ਦੀ ਖੋਜ ਕਰੋ ਅਤੇ ਕੱਟ ਕੇ ਰੱਖੋ ਜੋ ਤੁਹਾਡੇ ਬੱਚੇ ਨੂੰ ਦਿਲਚਸਪ ਲੱਗਦੀਆਂ ਹਨ।
- ਪਸੰਦੀਦਾ ਤਸਵੀਰਾਂ ਨੂੰ ਕਾਗਜ਼ ਜਾਂ ਹੋਰ ਚੀਜ਼ਾਂ ਜਿਵੇਂ ਕਿ ਜੁੱਤਿਆਂ ਵਾਲੇ ਡੱਬੇ ਨਾਲ ਚਿਪਕਾਉਣ ਦੇ ਵਿਭਿੰਨ ਤਰੀਕਿਆਂ ਦੀ ਪੜਚੋਲ ਕਰੋ।
- ਆਪਣੇ ਬੱਚੇ ਦੀ ਕਲਾ ਦੀ ਪ੍ਰਸ਼ੰਸਾ ਕਰੋ ਅਤੇ ਹਰ ਕਿਸੇ ਦੇ ਦੇਖਣ ਵਾਸਤੇ ਇਸਨੂੰ ਪੋਸਟ ਕਰੋ।

ਪਲੇਡਫ ਬੱਚਿਆਂ ਨੂੰ ਆਪਣੀ ਕਲਪਨਾ ਅਤੇ ਨਾਲ ਹੀ ਉਂਗਲਾਂ 'ਤੇ ਕੰਟਰੋਲ ਅਤੇ ਤਾਲਮੇਲ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ। ਆਪਣੇ ਬੱਚੇ ਨੂੰ ਵਿਭਿੰਨ ਰੰਗਾਂ ਵਿੱਚ ਚੀਜ਼ਾਂ, ਸ਼ਕਲਾਂ, ਜਾਨਵਰਾਂ ਜਾਂ ਅੱਖਰਾਂ ਦਾ ਨਿਰਮਾਣ ਕਰਨ ਲਈ ਉਤਸ਼ਾਹਤ ਕਰੋ।

ਪਲੇਡਫ ਦੀ ਰਚਨਾ-ਵਿਧੀ:

600 ਮਿ.ਲੀ. ਆਟਾ (2 1/2 ਕੱਪ), 120 ਮਿ.ਲੀ. ਨਮਕ (1/2 ਕੱਪ), 10 ਮਿ.ਲੀ. ਟਾਰਟਰ ਜਾਂ ਐਲਮ ਦੀ ਕਰੀਮ (2 ਚਮਚੇ), 480 ਮਿ.ਲੀ. ਉੱਬਲਿਆ ਪਾਣੀ (2 ਕੱਪ), 30 ਮਿ.ਲੀ. ਤੇਲ (2-3 ਵੱਡੇ ਚਮਚ), 2 ਪੈਕੇਜ਼ ਮਿੱਠਾ-ਰਹਿਤ ਕੂਲ-ਏਡ।

1. ਸਾਰੇ ਅੰਸ਼ਾਂ ਨੂੰ ਮਿਲਾਓ ਅਤੇ ਚੰਗੀ ਤਰ੍ਹਾਂ ਹਿਲਾਓ।
2. ਆਟੇ ਨੂੰ ਗੁੰਨ੍ਹੋ ਅਤੇ ਇਹ ਵਰਤਣ ਵਾਸਤੇ ਤਿਆਰ ਹੈ।
3. ਇਸਨੂੰ ਕਿਸੇ ਕਵਰ ਕੀਤੇ ਪਲਾਸਟਿਕ ਦੇ ਕੰਟੇਨਰ ਜਾਂ ਜ਼ਿੱਪ-ਲਾਕ ਵਾਲੇ ਬੈਗ ਵਿੱਚ ਸਟੋਰ ਕਰੋ।

## ਸੰਗੀਤ ਅਤੇ ਹਿੱਲਜੁੱਲ



ਸਾਰੇ ਬੱਚੇ ਸੰਗੀਤ ਅਤੇ ਸਰੀਰਕ ਕਿਰਿਆਵਾਂ ਪਸੰਦ ਕਰਦੇ ਹਨ।

- ਗਾਣਿਆਂ ਦੀ ਲੈਅ ਨਾਲ ਗੇਂਦ ਨੂੰ ਉਛਾਲੋ, ਕਿੱਕ ਮਾਰੋ ਅਤੇ ਪਕੜੋ।
- ਜਦ ਤੁਸੀਂ ਵੈਲਕਮ ਨੂੰ ਕਿੰਡਰਗਾਰਟਨ ਦੇ ਸੰਗੀਤ ਨੂੰ ਸੁਣਦੇ ਹੋ ਤਾਂ ਗਾਓ, ਨੱਚੋ, ਤਾੜੀ ਵਜਾਓ ਅਤੇ ਗਿਣੋ।

ਤੁਹਾਡੇ ਬੱਚੇ ਨਾਲ ਸਰਗਰਮ ਰਹਿਣਾ ਅਤੇ ਸਿਹਤਮੰਦ ਚੋਣਾਂ ਬਾਰੇ ਗੱਲਬਾਤ ਕਰਨਾ ਅਜਿਹੀਆਂ ਆਦਤਾਂ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ ਜੋ ਸ਼ੁਰੂਆਤੀ ਸਿੱਖਿਆ ਅਤੇ ਲੰਬੀ-ਮਿਆਦ ਦੀ ਸਿਹਤ ਦਾ ਸਮਰਥਨ ਕਰਨਗੀਆਂ।